(i) **Printed Pages : 2** **Roll No. ..............................**

(ii) **Questions : 7**

**Sub. Code : | 0 | 9 | 1 | 7 |**

**Exam. Code : | 0 | 0 | 2 | 8 |**

**BCA 2nd Semester**

**1046**

**PUNJABI (Compulsory)**

**Paper : BCA–202**

**Time Allowed : Three Hours]** **[Maximum Marks : 45**

**ਨੋਟ :-** (i) ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

(ii) ਪ੍ਰਸ਼ਨਾਂ ਦੇ ਉੱਤਰ ਸਾਫ਼ ਤੇ ਸਪੱਸ਼ਟ ਹੋਣੇ ਚਾਹੀਦੇ ਹਨ।

I. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਏਥੇ 'ਕ੍ਰਿਸ਼ਨ' ਦੀ ਬੰਸੀ ਵੱਜਦੀ ਏ
ਬਾਬੇ 'ਨਾਨਕ' ਦੀ ਭਗਤੀ ਗੱਜਦੀ ਏ
'ਬੁੱਲੇ ਸ਼ਾਹ' ਦੀ ਕਾਫ਼ੀ ਸਜਦੀ ਏ
ਸਭ ਜੱਗ ਨੂੰ ਆਖ ਸੁਣਾਵਾਂਗੇ
ਅਸੀ ਜੀਵਨ ਸਫ਼ਲ ਬਣਾਵਾਂਗੇ।
ਅਸੀ ਭਾਰਤ ਦੇ ਗੁਣ ਗਾਵਾਂਗੇ।

(ਅ) ਇਸ ਨਗਰੀ ਤੇਰਾ ਜੀ ਨਹੀਂ ਲਗਦਾ
ਇਕ ਚੜ੍ਹਦੀ ਇਕ ਲਹਿੰਦੀ ਏ
ਤੈਨੂੰ ਰੋਜ਼ ਉਡੀਕ ਖ਼ਤਾਂ ਦੀ
ਸਿਖ਼ਰ ਦੁਪਹਿਰੇ ਰਹਿੰਦੀ ਏ। 5

II. ਕਿਸੇ **ਇਕ** ਕਵਿਤਾ ਦਾ **ਕੇਂਦਰੀ ਭਾਵ** ਦੱਸ ਕੇ **ਸਾਰ** ਲਿਖੋ :
(i) ਭੋਲਾ ਪੰਛੀ (ਨੰਦ ਲਾਲ ਨੂਰਪੁਰੀ)
(ii) ਲੱਛੀ ਕੁੜੀ (ਸ਼ਿਵ ਕੁਮਾਰ)। 5

III. ਕਿਸੇ **ਇਕ** ਕਹਾਣੀ ਦਾ ਸਾਰ ਲਿਖੋ :
(ੳ) ਕੁਰਸੀ
(ਅ) ਜਿੱਥੋਂ ਸੂਰਜ ਉੱਗਦਾ ਹੈ। 5

IV. ਕਿਸੇ **ਇਕ** ਕਵੀ ਜਾਂ ਕਹਾਣੀਕਾਰ ਦੇ ਜੀਵਨ, ਰਚਨਾ ਤੇ ਯੋਗਦਾਨ ਸੰਬੰਧੀ ਜਾਣਕਾਰੀ ਦਿਉ :
(ੳ) ਪਾਸ਼
(ਅ) ਗੁਰਦਿਆਲ ਸਿੰਘ। 8

V. ਤੁਹਾਡੇ ਕਾਲਜ ਦੀ ਸਾਹਿਤ ਸਭਾ ਵੱਲੋਂ ਕਾਲਜ ਵਿਖੇ, 'ਭਾਸ਼ਨ ਪ੍ਰਤੀਯੋਗਤਾ' ਕਰਵਾਈ ਜਾਣੀ ਹੈ, ਇਸ ਸੰਬੰਧੀ ਇਕ ਸੂਚਨਾ ਤਿਆਰ ਕਰੋ। 8

VI. ਕਾਲਜ ਵਿੱਚ ਖੁਲ੍ਹੇ ਕੰਪਿਊਟਰ ਕੋਰਸ ਦੀ ਜਾਣਕਾਰੀ ਦਿੰਦੇ ਹੋਏ, ਅਖ਼ਬਾਰ ਵਿੱਚ ਦੇਣ ਲਈ ਇਸ਼ਤਿਹਾਰ ਲਿਖੋ।

**ਜਾਂ**

ਪਲਾਟ ਵੇਚਣ ਲਈ ਇਸ਼ਤਿਹਾਰ ਲਿਖੋ। 7

VII. ਵਿਸ਼ਰਾਮ ਚਿੰਨ੍ਹ ਲਾਉ :

ਆਤਮ-ਵਿਸ਼ਵਾਸ਼ ਦੀ ਘਾਟ ਕਾਰਨ ਸਾਡੇ ਬਹੁਤ ਕੰਮ ਅਧੂਰੇ ਰਹਿ ਜਾਂਦੇ ਹਨ ਅਸੀਂ ਸਿਫਾਰਸ਼ ਦੇ ਰੂਪ ਵਿੱਚ ਆਸਰਾ ਭਾਲਣ ਲਗਦੇ ਹਾਂ ਬੇਗਾਨਾ ਬ੍ਰਿਛ ਥੋੜੀ ਦੂਰ ਤੱਕ ਚਲਦਾ ਹੈ ਝੜ ਕੇ ਪੱਤਾ-ਪੱਤਾ ਹੋ ਜਾਂਦਾ ਹੈ ਆਤਮ-ਵਿਸ਼ਵਾਸ਼ ਹੀ ਜ਼ਿੰਦਗੀ ਦੀ ਅਸਲ ਕੁੰਜੀ ਹੈ ਅਧਿਆਪਕ ਨੇ ਬੱਚਿਆਂ ਨੂੰ ਸਮਝਾਇਆ। 7